2022/7789
17/1/22

ਜੀ-I
17/01/22

ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ,ਮਾਨਸਾ।
ਕਮਰਾ ਨੰ:222-224 ਤਹਿਸੀਲ ਕੰਪਲੈਕਸ਼
Email ID: dlomansa520@gmail.com

ਸੇਵਾ ਵਿਚ

ਜ਼ਿਲ੍ਹਾ ਸਿੱਖਿਆ ਅਫ਼ਸਰ(ਸ) ,
ਮਾਨਸਾ।

ਪੱਤਰ ਨੰ: 21 ਮਿਤੀ,ਮਾਨਸਾ/ 17/1/2022

ਵਿਸ਼ਾ:- ਜ਼ਿਲ੍ਹਾ ਪੱਧਰੀ ਅਧਿਕਾਰਤ ਭਾਸ਼ਾ ਕਮੇਟੀ ਦਾ ਗਠਨ ਕਰਨ ਦੀ ਪ੍ਰਵਾਨਗੀ ਸੰਬੰਧੀ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਸੰਬੰਧੀ ਸਕੱਤਰ ,ਪੰਜਾਬ ਸਰਕਾਰ ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਜੀ ਵੱਲੋਂ ਬਣਾਈ ਗਈ ਜ਼ਿਲ੍ਹਾ ਪੱਧਰੀ ਅਧਿਕਾਰਤ ਭਾਸ਼ਾ ਕਮੇਟੀ ਦੀ ਅਧਿਸੂਚਨਾ ਆਪ ਜੀ ਨੂੰ ਇਸ ਪੱਤਰ ਸਹਿਤ ਭੇਜੀ ਜਾਂਦੀ ਹੈ ਜੀ।

ਨੱਥੀ: 2 ਪੰਨੇ

ਵਿਸ਼ਵਾਸਪਾਤਰ
17/01/22
ਜ਼ਿਲ੍ਹਾ ਭਾਸ਼ਾ ਅਫ਼ਸਰ,
ਮਾਨਸਾ।

ਦਫ਼ਤਰ: ਜ਼ਿਲ੍ਹਾ ਸਿੱਖਿਆ ਅਫ਼ਸਰ ਸੈ/ਕ ਮਾਨਸਾ
ਸੀ/ਪ੍ਰ 2022/5151 ਮਿਤੀ

ਆਪਣਾ ਦਾ ਉਤਾਰਾ ਸਬਾਧਿਤ ਸਕੂਲ ਮੁਖੀਆਂ ਕੂ ਸੂਚਨਾ ਤੇ ਲੋਡੀ ਕਾਰਵਾਈ ਕਿਤ ਤੌਂ ਸਮਾਂ ਸਾਰਾ ਤੇ ਇਸ ਸਬਾਧੀ ਸਬਾਧਿਤ ਕਾਰਵਾਈ ਕੂ ਨੇਟ ਕਾਰਵਾ ਵਿਤੋਂ ਜਾਵੇ।

ਨਥੀ 2 ਪੰਨੇ

17/01/22
ਜ਼ਿਲ੍ਹਾ ਸਿੱਖਿਆ ਅਫ਼ਸਰ ਸੈ/ਕ
ਮਾਨਸਾ ਅਫ਼ਸਰ

ਭਾਸ਼ਾ ਵਿਭਾਗ, ਪੰਜਾਬ,
ਡਾਇਰੀ ਨੰ. 10
ਮਿਤੀ 11/1/2022
ਡਿਸਪੈਚ ਨੰ.
ਮਿਤੀ

ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸਾ ਵਿਭਾਗ
(ਸਿੱਖਿਆ ਸੈਲ)

ਅਧਿਸੂਚਨਾ

ਨੰ: 6/17/2021-2ਸਿੱ.ਸੈਲ/196 ਮਿਤੀ,ਚੰਡੀਗੜ੍ਹ: 07.01.2022

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਪੰਜਾਬ ਰਾਜ ਭਾਸਾ(ਤਰਮੀਮ) ਐਕਟ, 2008 ਦੀ ਧਾਰਾ 8-ਸੀ ਦੇ ਤਹਿਤ ਐਕਟ ਦੀਆਂ ਧਾਰਾਵਾਂ ਦੀ ਸਮੀਖਿਆ ਅਤੇ ਅਮਲ ਨੂੰ ਯਕੀਨੀ ਬਣਾਉਣ ਲਈ ਹੇਠ-ਲਿਖੇ ਮੈਂਬਰਾਂ ਦੇ ਆਧਾਰ ਤੇ ਜਿਲ੍ਹਾ ਮਾਨਸਾ ਲਈ ਜਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਦਾ ਗਠਨ ਕਰਨ ਦੀ ਪ੍ਰਵਾਨਗੀ ਦਿੰਦੇ ਹਨ:

1.	ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦਾ ਮੌਜੂਦਾ ਚੇਅਰਮੈਨ/ਮੰਤਰੀ	ਚੇਅਰਪਰਸਨ
2.	ਡਿਪਟੀ ਕਮਿਸ਼ਨਰ, ਮਾਨਸਾ	ਵਾਈਸ ਚੇਅਰਮੈਨ
3.	ਜ਼ਿਲ੍ਹਾ ਸਿੱਖਿਆ ਅਫ਼ਸਰ, ਮਾਨਸਾ	ਮੈਂਬਰ
4.	ਰਾਜ ਸਰਕਾਰ ਵਲੋਂ ਨਾਮਜ਼ਦ ਜ਼ਿਲ੍ਹੇ ਵਿਚੋਂ ਪੰਜਾਬੀ ਸਾਹਿਤਕਾਰਾਂ ਦੇ ਦੋ ਪ੍ਰਤੀਨਿਧ	
	1. ਸ੍ਰੀ ਜਸਬੀਰ ਢੰਡ, ਮਾਨਸਾ	ਮੈਂਬਰ
	2. ਸ੍ਰੀ ਨਿਰੰਜਣ ਬੋਹਾ, ਮਾਨਸਾ	ਮੈਂਬਰ
5.	ਰਾਜ ਸਰਕਾਰ ਵਲੋਂ ਨਾਮਜ਼ਦ ਜ਼ਿਲ੍ਹੇ ਵਿਚੋਂ ਪੰਜਾਬੀ ਪ੍ਰੈਸ ਦੇ ਤਿੰਨ ਨੁਮਾਇੰਦੇ	
	1. ਸ੍ਰੀ ਹਰਦੀਪ ਸਿੰਘ ਜਟਾਣਾ, ਪੰਜਾਬੀ ਟ੍ਰਿਬਿਊਨ, ਮਾਨਸਾ ਮੈਂਬਰ	
	2. ਸ੍ਰੀ ਗੁਰਚੇਤ ਸਿੰਘ ਫੱਤੇਵਾਲੀਆ, ਅਜੀਤ, ਮਾਨਸਾ	ਮੈਂਬਰ
	3. ਸ੍ਰੀ ਜੋਗਿੰਦਰ ਸਿੰਘ ਮਾਨ, ਪੰਜਾਬੀ ਟ੍ਰਿਬਿਊਨ, ਮਾਨਸਾ	ਮੈਂਬਰ
6.	ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਫ਼ਤਹਿਗੜ੍ਹ ਸਾਹਿਬ	ਮੈਂਬਰ
7.	ਰਾਜ ਸਰਕਾਰ ਵਲੋਂ ਨਾਮਜ਼ਦ ਦੋ ਜਨਤਕ ਨੁਮਾਇੰਦੇ	
	1. ਸ੍ਰੀ ਨਾਜਰ ਸਿੰਘ ਮਾਨਸ਼ਾਹੀਆ, ਹਲਕਾ ਵਿਧਾਇਕ(ਕਾਂਗਰਸ) ਮਾਨਸਾ	ਮੈਂਬਰ
	2. ਸ੍ਰੀ ਬਿਕਰਮਜੀਤ ਸਿੰਘ ਮੋਫਰ, ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ, ਮਾਨਸਾ	ਮੈਂਬਰ
8.	ਜ਼ਿਲ੍ਹਾ ਅਟਾਰਨੀ, ਮਾਨਸਾ	ਮੈਂਬਰ
9.	ਜ਼ਿਲ੍ਹਾ ਭਾਸਾ ਅਫ਼ਸਰ, ਮਾਨਸਾ	ਕਨਵੀਨਰ

ਨੋਟ:- (1) ਜਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਸਰਕਾਰ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਦਫਤਰਾਂ ਵਿਚ ਇਸ ਐਕਟ ਦੀਆਂ ਧਾਰਾਵਾ ਤੇ ਅਮਲ ਦੀ ਸਮੀਖਿਆ ਕਰੇਗੀ ਅਤੇ ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਆਪਣੀ ਰਿਪੋਰਟ ਭੇਜੇਗੀ।

(2) ਜਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਪੱਧਰੀ ਅਧਿਕਾਰਤ ਕਮੇਟੀ ਵਲੋਂ ਇਸ ਐਕਟ ਦੀਆਂ ਧਾਰਾਵਾ ਤੇ ਅਮਲ ਸਬੰਧੀ ਜਾਰੀ ਕੀਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰੇਗੀ ਅਤੇ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਸੰਬੰਧੀ ਆਪਣੀ ਰਿਪੋਰਟ ਭੇਜੇਗੀ।

(3) ਇਹ ਜਿਲ੍ਹਾ ਰਾਜ ਪੱਧਰੀ ਅਧਿਕਾਰਤ ਕਮੇਟੀ ਹਰ ਦੋ ਮਹੀਨਿਆਂ ਵਿਚ ਘੱਟ ਤੋਂ ਘੱਟ ਇਕ ਮੀਟਿੰਗ ਕਰੇਗੀ।

(4) ਗੈਰ-ਸਰਕਾਰੀ ਮੈਂਬਰਾਂ ਮਿਆਦ ਅਧਿਸੂਚਨਾ ਜਾਰੀ ਹੋਣ ਦੀ ਮਿਤੀ ਤੋਂ ਇੱਕ ਸਾਲ ਲਈ ਹੋਵੇਗੀ।

ਮਿਤੀ, ਚੰਡੀਗੜ੍ਹ:
06.01.2021

ਕ੍ਰਿਸ਼ਨ ਕੁਮਾਰ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਉਚੇਰੀ ਸਿਖਿਆ ਤੇ ਭਾਸਾ ਵਿਭਾਗ।

ਪਿੱ:ਅੰ:ਨੰ: 6/17/2021-2ਸਿੱ.ਸੈਲ/197 ਮਿਤੀ,ਚੰਡੀਗੜ੍ਹ: 07.01.2022

ਉਪਰੋਕਤ ਦਾ ਉਤਾਰਾ ਉਕਤ ਲੜੀ ਨੰ: 4 ਤੋਂ 8 ਤੇ ਦਰਜ ਮੈਂਬਰ ਸਾਹਿਬਾਨ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਪਿੱ:ਅੰ:ਨੰ: 6/17/2021-2ਸਿੱ.ਸੈਲ/198-199 ਮਿਤੀ,ਚੰਡੀਗੜ੍ਹ: 07.01.2022

ਉਪਰੋਕਤ ਦਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ ਸਬੰਧਤ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦਾ ਮੌਜੂਦਾ ਚੇਅਰਮੈਨ/ਮੰਤਰੀ।
2. ਨਿੱਜੀ ਸਕੱਤਰ/ ਸਕੱਤਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ, ਪੰਜਾਬ, ਚੰਡੀਗੜ੍ਹ।

ਸਕੱਤਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਪਿੱ:ਅੰ:ਨੰ: 6/17/2021-2ਸਿੱ.ਸੈਲ/200 ਮਿਤੀ,ਚੰਡੀਗੜ੍ਹ: 07.01.2022

ਇਸ ਦਾ ਉਤਾਰਾ ਡਿਪਟੀ ਕਮਿਸ਼ਨਰ, ਮਾਨਸਾ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਪਿੱ:ਅੰ:ਨੰ: 6/17/2021-2ਸਿੱ.ਸੈਲ/201 ਮਿਤੀ,ਚੰਡੀਗੜ੍ਹ: 07.01.2022

ਇਸ ਦਾ ਉਤਾਰਾ ਜਿਲ੍ਹਾ ਸਿੱਖਿਆ ਅਫਸਰ, ਮਾਨਸਾ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਪਿੱ:ਅੰ:ਨੰ: 6/17/2021-2ਸਿੱ.ਸੈਲ/202 ਮਿਤੀ,ਚੰਡੀਗੜ੍ਹ: 07.01.2022

ਇਸ ਦਾ ਉਤਾਰਾ ਜਿਲ੍ਹਾ ਭਾਸ਼ਾ ਅਫਸਰ, ਮਾਨਸਾ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਪਿੱ:ਅੰ:ਨੰ: 6/17/2021-2ਸਿੱ.ਸੈਲ/203 ਮਿਤੀ,ਚੰਡੀਗੜ੍ਹ: 07.01.2022

ਉਤਾਰਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਮੂਹ ਮੈਂਬਰਾਂ ਨੂੰ ਆਪਣੇ ਪੱਧਰ ਤੇ ਅਧਿਸੂਚਨਾ ਦੀ ਕਾਪੀ ਮੁਹੱਈਆ ਕਰਵਾਈ ਜਾਵੇ।

ਸਕੱਤਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਪਿੱ:ਅੰ:ਨੰ: 6/17/2021-2ਸਿੱ.ਸੈਲ/204 ਮਿਤੀ,ਚੰਡੀਗੜ੍ਹ: 07.01.2022

ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਅਧਿਸੂਚਨਾਂ ਦੀ ਕਾਪੀ ਨੂੰ ਗਜ਼ੇਟ (ਸੰਧਾਰਨ) ਵਿਚ ਛਾਪਿਆ ਜਾਵੇ ਅਤੇ ਇਸ ਦੀਆਂ 20 ਕਾਪੀਆਂ ਸਰਕਾਰ ਨੂੰ ਭੇਜੀਆਂ ਜਾਣ।

ਸਕੱਤਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ